ਨਿਊਜ਼ ਰਿਲੀਜ਼

# ਅਲਬਰਟਾ ਵਿੱਚ ਸ਼ੁਰੂਆਤੀ ਬਚਪਨ ਦੇ ਸਿੱਖਿਅਕਾਂ ਲਈ ਵਧੇਰੇ ਸਹਾਇਤਾ

01 ਦਸੰਬਰ, 2022 ਮੀਡੀਆ ਪੁੱਛਗਿੱਛ

## ਅਲਬਰਟਾ ਦੀ ਸਰਕਾਰ ਸਟਾਫ ਦੀ ਭਰਤੀ ਅਤੇ ਸਟਾਫ ਨੂੰ ਬਰਕਰਾਰ ਰੱਖਣ ਵਿੱਚ ਮਦਦ ਕਰਨ ਲਈ ਸ਼ੁਰੂਆਤੀ ਬਚਪਨ ਦੇ ਸਿੱਖਿਅਕਾਂ ਨੂੰ ਇੱਕ-ਵਾਰ ਦਾ ਭੁਗਤਾਨ ਅਤੇ ਵੇਜ ਟਾਪ-ਅੱਪ ਪ੍ਰਦਾਨ ਕਰ ਰਹੀ ਹੈ।

ਸ਼ੁਰੂਆਤੀ ਬਚਪਨ ਦੇ ਸਿੱਖਿਅਕ (ECEs)/(ਈਸੀਈ) ਸਭ ਤੋਂ ਘੱਟ ਉਮਰ ਦੇ ਸਿਖਿਆਰਥੀਆਂ ਦੇ ਵਿਕਾਸ ਲਈ ਅਨਿੱਖੜਵੇਂ ਹਨ। ਉਹ ਉੱਚ-ਗੁਣਵੱਤਾ ਵਾਲੀ ਬਾਲ ਦੇਖਭਾਲ ਪ੍ਰਦਾਨ ਕਰਦੇ ਹਨ ਜੋ ਕੰਮ ਅਤੇ ਪਰਿਵਾਰ ਵਿਚਕਾਰ ਸੰਤੁਲਨ ਬਣਾਉਣ ਦੀ ਕੁੰਜੀ ਹੈ ਤਾਂ ਜੋ ਜਦੋਂ ਮਾਤਾ-ਪਿਤਾ ਕੰਮ 'ਤੇ ਹੁੰਦੇ ਹਨ ਉਨ੍ਹਾਂ ਨੂੰ ਮਾਨਸਿਕ ਸ਼ਾਂਤੀ ਰਹੇ। ਇਹੀ ਕਾਰਨ ਹੈ ਕਿ ਅਲਬਰਟਾ ਦੀ ਸਰਕਾਰ ਨੇ ਬੱਚਿਆਂ ਦੀ ਦੇਖਭਾਲ ਦੇ ਅਜਿਹੇ ਸੌਦੇ ਲਈ ਸਖ਼ਤ ਸੰਘਰਸ਼ ਕੀਤਾ ਜੋ ਸੌਦਾ ਅਲਬਰਟਾ ਲਈ ਸਹੀ ਹੈ।

ਉਸ ਸੌਦੇ ਦਾ ਅਗਲਾ ਹਿੱਸਾ ਵਧੇਰੇ ECEs ਨੂੰ ਆਕਰਸ਼ਿਤ ਕਰਨ ਅਤੇ ਉਹਨਾਂ ਨੂੰ ਬੱਚਿਆਂ ਦੀ ਦੇਖਭਾਲ ਦੇ ਸੈਕਟਰ ਵਿੱਚ ਰੱਖਣ 'ਤੇ ਕੇਂਦ੍ਰਿਤ ਹੈ। ਅਜਿਹਾ ਕਰਨ ਲਈ, 1 ਜਨਵਰੀ, 2023 ਤੋਂ ਸਾਰੇ ਅਦਾਇਗੀਯੋਗ ਘੰਟਿਆਂ ਲਈ ਮੌਜੂਦਾ ਵੇਜ ਟਾਪ-ਅੱਪ ਦੋ ਡਾਲਰ ਪ੍ਰਤੀ ਘੰਟਾ ਤੱਕ ਵਧ ਜਾਵੇਗਾ। ਇਹ ਸਹਾਇਤਾ ਅਲਬਰਟਾ ਦੇ ਪਰਿਵਾਰਾਂ ਨੂੰ ਉੱਚ ਗੁਣਵੱਤਾ ਵਾਲੀ, ਕਿਫਾਇਤੀ, ਲਚਕਦਾਰ ਅਤੇ ਸੰਮਲਿਤ ਬਾਲ ਦੇਖਭਾਲ ਪ੍ਰਦਾਨ ਕਰਨਾ ਜਾਰੀ ਰੱਖਣ ਲਈ ਮਹੱਤਵਪੂਰਨ ਹੈ।

ਅਕਤੂਬਰ ਅਤੇ ਨਵੰਬਰ 2022 ਵਿੱਚ ਦਾਅਵਾ ਕੀਤੇ ਘੰਟਿਆਂ ਵਾਲੇ ਸਾਰੇ ਰੁਜ਼ਗਾਰਸ਼ੁਦਾ ECEs ਜਿਨ੍ਹਾਂ ਨੇ ਪ੍ਰਤੀ ਹਫ਼ਤਾ ਔਸਤਨ 30 ਘੰਟੇ ਤੋਂ ਵੱਧ ਕੰਮ ਕੀਤਾ ਅਤੇ ਦਸੰਬਰ ਵਿੱਚ ਕੰਮ ਕਰਨਾ ਜਾਰੀ ਰੱਖਿਆ, ਉਹ ਵੀ $900 ਦਾ ਇੱਕ-ਵਾਰ ਦਾ ਭੁਗਤਾਨ ਪ੍ਰਾਪਤ ਕਰਨ ਦੇ ਯੋਗ ਹੋਣਗੇ। ਪ੍ਰਤੀ ਹਫ਼ਤਾ ਔਸਤਨ 30 ਘੰਟੇ ਤੋਂ ਘੱਟ ਸਮਾਂ ਕੰਮ ਕਰਨ ਵਾਲੇ $450 ਦੇ ਭੁਗਤਾਨ ਲਈ ਯੋਗ ਹੋਣਗੇ।

ਇੱਕ-ਵਾਰ ਦਾ ਭੁਗਤਾਨ ਅਤੇ ਵੇਜ ਟਾਪ-ਅੱਪ ਵਿੱਤੀ ਸਾਲ 2025-26 ਦੇ ਅੰਤ ਤੱਕ ਸੰਘੀ ਅਤੇ ਸੂਬਾਈ ਫੰਡਿੰਗ ਵਿੱਚ $174 ਮਿਲੀਅਨ ਤੋਂ ਵੱਧ ਦੇ ਨਿਵੇਸ਼ ਨੂੰ ਦਰਸਾਉਂਦਾ ਹੈ।

ECEs ਲਈ ਇੱਕ-ਵਾਰ ਦਾ ਭੁਗਤਾਨ ਸੰਘੀ ਫੰਡਿੰਗ ਵਿੱਚ ਲਗਭਗ $13.3 ਮਿਲੀਅਨ ਦੇ ਨਿਵੇਸ਼ ਨੂੰ ਦਰਸਾਉਂਦਾ ਹੈ। ਅਲਬਰਟਾ ਸਰਕਾਰ ਸਕੂਲ-ਤੋਂ-ਬਾਹਰੀ ਦੇਖਭਾਲ ਪ੍ਰੋਗਰਾਮਾਂ ਵਿੱਚ ਕੰਮ ਕਰਨ ਵਾਲੇ ਪ੍ਰਮਾਣਿਤ ECEs ਵਾਸਤੇ ਸਮਾਨ ਇੱਕ-ਵਾਰ ਦੇ ਭੁਗਤਾਨਾਂ ਵਾਸਤੇ ਸੂਬਾਈ ਫ਼ੰਡ ਸਹਾਇਤਾ ਵਿੱਚ $2.72 ਮਿਲੀਅਨ ਦਾ ਨਿਵੇਸ਼ ਕਰੇਗੀ।

ECEs ਲਈ ਵਧੇ ਹੋਏ ਵੇਜ ਟਾਪ-ਅੱਪ, ਵਿੱਤੀ ਸਾਲ 2025-26 ਦੇ ਅੰਤ ਤੱਕ ਸੰਘੀ ਫੰਡਿੰਗ ਵਿੱਚ $165.5 ਮਿਲੀਅਨ ਦੇ ਨਿਵੇਸ਼ ਨੂੰ ਦਰਸਾਉਂਦੇ ਹਨ। ਸਕੂਲ-ਤੋਂ-ਬਾਹਰੀ ਦੇਖਭਾਲ ਪ੍ਰੋਗਰਾਮਾਂ ਵਿੱਚ ਕੰਮ ਕਰਨ ਵਾਲੇ ਪ੍ਰਮਾਣਿਤ ECEs ਲਈ ਉਸੇ ਵਧੇ ਹੋਏ ਵੇਜ ਦੇ ਟਾਪ-ਅੱਪ ਲਈ, ਅਲਬਰਟਾ ਸਰਕਾਰ ਫੰਡਿੰਗ ਵਿੱਚ ਲਗਭਗ $22.4 ਮਿਲੀਅਨ ਦਾ ਨਿਵੇਸ਼ ਕਰੇਗੀ।

ਇੱਕ-ਵਾਰ ਦੇ ਭੁਗਤਾਨ ਅਤੇ ਵਧੇ ਹੋਏ ਵੇਜ ਟਾਪ-ਅੱਪ, ECEs ਲਈ ਹਾਲ ਹੀ ਵਿੱਚ ਐਲਾਨ ਕੀਤੀਆਂ ਗਈਆਂ ਸਹਾਇਤਾਵਾਂ ਤੋਂ ਇਲਾਵਾ ਹਨ। ਅਕਤੂਬਰ ਵਿੱਚ:

- ਫਰੰਟ-ਲਾਈਨ ਪ੍ਰਮਾਣਿਤ ECEs ਲਈ ਵੇਜ ਟਾਪ-ਅੱਪ ਲਈ ਯੋਗ ਅਦਾਇਗੀਯੋਗ ਘੰਟਿਆਂ ਦਾ ਵਿਸਤਾਰ ਕੀਤਾ ਗਿਆ ਸੀ। ਇਸ ਸੁਧਾਰ ਨੇ ਅਪ੍ਰਤੱਖ ਸਮਾਂ ਅਤੇ ਰੁਜ਼ਗਾਰਦਾਤਾ ਦੁਆਰਾ ਅਦਾਇਗੀਸ਼ੁਦਾ ਛੁੱਟੀਆਂ ਦੇ ਸਮੇਂ ਸਮੇਤ ਸਾਰੇ ਅਦਾਇਗੀਯੋਗ ਘੰਟੇ ਮੌਜੂਦਾ ਵੇਜ ਟਾਪ-ਅੱਪ ਲਈ ਯੋਗ ਬਣਾ ਦਿੱਤੇ ਹਨ।
- ਅਲਬਰਟਾ ਅਤੇ ਕੈਨੇਡਾ ਦੀਆਂ ਸਰਕਾਰਾਂ ਨੇ ਅਲਬਰਟਾ ਵਾਸੀਆਂ ਲਈ ਮੁਫ਼ਤ ਲੈਵਲ 1 ਬਾਲ ਦੇਖਭਾਲ ਓਰੀਐਂਟੇਸ਼ਨ ਕੋਰਸ ਲਈ ਦਾਖਲਾ ਸਮਰੱਥਾ ਨੂੰ ਦੁੱਗਣੇ ਤੋਂ ਵਧਾ ਕੇ, ਅਤੇ ਕਿਸੇ ਵੀ ਅਲਬਰਟਾ ਵਾਸੀ, ਚਾਹੇ ਉਹ ਇਸ ਸਮੇਂ ਬਾਲ ਦੇਖਭਾਲ ਪ੍ਰੋਗਰਾਮ ਵਿੱਚ ਕੰਮ ਕਰ ਰਹੇ ਹਨ ਜਾਂ ਨਹੀਂ, ਲਈ ਕੋਰਸ ਉਪਲਬਧ ਕਰਵਾ ਕੇ ਬਾਲ ਦੇਖਭਾਲ ਵਿੱਚ ਕਰੀਅਰ ਸ਼ੁਰੂ ਕਰਨਾ ਆਸਾਨ ਬਣਾ ਦਿੱਤਾ ਹੈ।

ਕੈਨੇਡਾ ਅਤੇ ਅਲਬਰਟਾ ਦੀਆਂ ਸਰਕਾਰਾਂ ECE ਕਾਰਜਬਲ ਨੂੰ ਸਮਰਥਨ ਦੇਣ ਦੇ ਮੌਕਿਆਂ ਦੀ ਖੋਜ ਕਰਨਾ ਜਾਰੀ ਰੱਖਣਗੀਆਂ ਅਤੇ ਉਹਨਾਂ ਨੂੰ ਲਾਗੂ ਕਰਨ ਲਈ ਹਿੱਸੇਦਾਰਾਂ ਨਾਲ ਕੰਮ ਕਰਨ ਲਈ ਵਚਨਬੱਧ ਰਹਿਣਗੀਆਂ।

“ਅਲਬਰਟਾ ਦੇ ਅਰਲੀ ਚਾਈਲਡਹੁੱਡ ਐਜੁਕੇਟਰਜ਼ ਦੀ ਐਸੋਸੀਏਸ਼ਨ, ਉੱਚ ਵਿਦਿਅਕ ਮਿਆਰਾਂ, ਬਿਹਤਰ ਤਨਖਾਹਾਂ ਅਤੇ ਕੰਮ ਕਰਨ ਦੀਆਂ ਸਥਿਤੀਆਂ ਅਤੇ ਵਿਆਪਕ ਪ੍ਰਣਾਲੀ ਦੇ ਸਮਰਥਨਾਂ ਦੀ ਵਕਾਲਤ ਕਰਦੀ ਹੈ। ਸ਼ੁਰੂਆਤੀ ਬਚਪਨ ਦੇ ਸਿੱਖਿਅਕਾਂ ਲਈ ਬਿਹਤਰ ਮੁਆਵਜ਼ਾ ਸ਼ੁਰੂਆਤੀ ਸਿਖਲਾਈ ਅਤੇ ਬਾਲ ਦੇਖਭਾਲ ਕਾਰਜਬਲ ਨੂੰ ਇੱਕ ਮਾਨਤਾ ਪ੍ਰਾਪਤ ਪੇਸ਼ੇ ਵਿੱਚ ਬਦਲਣ ਲਈ ਸਹੀ ਦਿਸ਼ਾ ਵਿੱਚ ਉਠਾਇਆ ਗਿਆ ਇੱਕ ਕਦਮ ਹੈ। ਸ਼ੁਰੂਆਤੀ ਬਚਪਨ ਦੇ ਸਿੱਖਿਅਕ ਇੱਕ ਉੱਚ-ਗੁਣਵੱਤਾ ਵਾਲੀ ਸ਼ੁਰੂਆਤੀ ਸਿਖਲਾਈ ਅਤੇ ਦੇਖਭਾਲ ਪ੍ਰਣਾਲੀ ਦਾ ਦਿਲ ਅਤੇ ਆਤਮਾ ਹੁੰਦੇ ਹਨ ਅਤੇ ਉਹਨਾਂ ਦੁਆਰਾ ਕੀਤੇ ਗਏ ਬਹੁਤ ਮਹੱਤਵਪੂਰਨ ਕੰਮ ਲਈ ਚੰਗੀ ਤਰ੍ਹਾਂ ਸਮਰਥਨ ਕੀਤੇ ਜਾਣ ਦੇ ਹੱਕਦਾਰ ਹੁੰਦੇ ਹਨ।”

*ਅਮਾਂਡਾ ਰੋਸੇਟ, ਬੋਰਡ ਚੇਅਰ, ਅਲਬਰਟਾ ਦੀ ਅਰਲੀ ਚਾਈਲਡਹੁੱਡ ਐਜੁਕੇਟਰਜ਼ ਐਸੋਸੀਏਸ਼ਨ*

## ਫੌਰੀ ਤੱਥ

- ਅਲਬਰਟਾ ਦੀ ਸਰਕਾਰ ਨੇ ਕੈਨੇਡਾ-ਅਲਬਰਟਾ ਕੈਨੇਡਾ-ਵਿਆਪੀ ਅਰਲੀ ਲਰਨਿੰਗ ਐਂਡ ਚਾਈਲਡ ਕੇਅਰ ਐਗਰੀਮੈਂਟ - 2021-22 ਤੋਂ 2025-26 ਤੱਕ, ਰਾਹੀਂ ਮਿਆਰੀ ਗੁਣਤਵੱਤਾ ਵਾਲੀਆਂ ਪਹਿਲਕਦਮੀਆਂ ਅਤੇ ਜ਼ੀਰੋ ਤੋਂ ਕਿੰਡਰਗਾਰਟਨ ਉਮਰ ਦੇ ਬੱਚਿਆਂ ਵਾਲੇ ਪਰਿਵਾਰਾਂ ਦੀ ਸੇਵਾ ਕਰਨ ਵਾਲੇ ਲਾਇਸੰਸਸ਼ੁਦਾ ਬਾਲ ਦੇਖਭਾਲ ਕਾਰਜਬਲ ਦਾ ਸਮਰਥਨ ਕਰਨ ਲਈ ਸੰਘੀ ਫੰਡਿੰਗ ਵਿੱਚ $306.16 ਮਿਲੀਅਨ ਵੱਖਰੇ ਰੱਖੇ ਹਨ।
- ਅਲਬਰਟਾ ਨੇ ECEs ਲਈ ਹੋਰ ਕਾਰਜਬਲ ਸਹਾਇਤਾ 'ਤੇ ਵੀ ਕੰਮ ਕਰਨਾ ਜਾਰੀ ਰੱਖਿਆ ਹੈ, ਜਿਸ ਵਿੱਚ ਸ਼ਾਮਲ ਹਨ:
    - ਪ੍ਰਮਾਣੀਕਰਣ ਲਈ ਇੱਕ ਨਵੀਂ ਯੋਗਤਾ-ਅਧਾਰਿਤ ਪਹੁੰਚ ਵਿਕਸਿਤ ਕਰਨਾ।

    - ਇੱਕ ਮੁਫਤ ਔਨਲਾਈਨ ਪੋਰਟਲ ਦੇ ਵਿਕਾਸ ਰਾਹੀਂ ECEs ਲਈ ਕਰੀਅਰ ਦੇ ਮਾਰਗਾਂ ਦਾ ਸਮਰਥਨ ਕਰਨਾ।
    - ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਅਤੇ ਸਟਾਫ ਦੀ ਗੈਰਹਾਜ਼ਰੀ ਦੌਰਾਨ ਬਾਲ ਦੇਖਭਾਲ ਪ੍ਰੋਗਰਾਮਾਂ ਨੂੰ ਚਲਾਉਣ ਵਿੱਚ ਮਦਦ ਕਰਨ ਲਈ ਇੱਕ ECE ਬਦਲ/ਆਰਜ਼ੀ ਪੂਲ ਬਣਾਉਣਾ।
    - ਬਾਲ-ਦੇਖਭਾਲ ਖੇਤਰ ਵਿੱਚ ਪ੍ਰਵੇਸ਼ ਨੂੰ ਉਤਸ਼ਾਹਿਤ ਕਰਨ ਲਈ ਵਿਭਿੰਨ ਭਾਈਚਾਰਿਆਂ ਨਾਲ ਪਾਇਲਟ ਪ੍ਰੋਗਰਾਮਾਂ ਦੀ ਸ਼ੁਰੂਆਤ ਕਰਨਾ।
    - ECE-ਸਬੰਧਤ ਥਾਵਾਂ ਲਈ ਪੋਸਟ-ਸੈਕੰਡਰੀ ਪ੍ਰੋਗਰਾਮਾਂ ਤੱਕ ਪਹੁੰਚ ਨੂੰ ਬਿਹਤਰ ਬਣਾਉਣ ਲਈ ਐਡਵਾਂਸਡ ਐਜੂਕੇਸ਼ਨ ਨਾਲ ਕੰਮ ਕਰਨਾ ਜਾਰੀ ਰੱਖਣਾ।
    - ਲੈਵਲ 1 ECE ਓਰੀਐਂਟੇਸ਼ਨ ਕੋਰਸ ਸਮੱਗਰੀ ਦਾ ਆਧੁਨਿਕੀਕਰਨ।
- ਕੁਝ ਹਾਲੀਆ ਕਾਰਜਬਲ ਸਹਾਇਤਾਵਾਂ ਜੋ ਪਹਿਲਾਂ ਤੋਂ ਪ੍ਰਭਾਵੀ ਹਨ, ਵਿੱਚ ਸ਼ਾਮਲ ਹਨ:
    - ECEs ਨੂੰ ਹੋਰ ਪੇਸ਼ੇਵਰ ਵਿਕਾਸ ਦੇ ਮੌਕਿਆਂ ਵਿੱਚ ਹਿੱਸਾ ਲੈਣ ਦੀ ਇਜਾਜ਼ਤ ਦੇਣ ਲਈ ਰੀਲੀਜ਼ ਟਾਈਮ ਗ੍ਰਾਂਟ ਫੰਡਿੰਗ ਲਈ ਵਧਾਈ ਗਈ ਯੋਗਤਾ।
    - ਰੁਜ਼ਗਾਰ ਸਥਿਤੀ ਦੀ ਪਰਵਾਹ ਕੀਤੇ ਬਿਨਾਂ, ਅਲਬਰਟਾ ਵਿੱਚ ਰਹਿੰਦੇ ਕਿਸੇ ਵੀ ਕੈਨੇਡੀਅਨ ਨਾਗਰਿਕ, ਸਥਾਈ ਨਿਵਾਸੀ ਜਾਂ ਵੈਧ ਵਰਕ ਪਰਮਿਟ ਧਾਰਕ ਲਈ ਬਾਲ ਦੇਖਭਾਲ ਓਰੀਐਂਟੇਸ਼ਨ ਕੋਰਸ ਲਈ ਵਧਾਈ ਗਈ ਯੋਗਤਾ।
    - ਬਾਲ ਦੇਖਭਾਲ ਓਪਰੇਸ਼ਨਾਂ ਦੇ ਪ੍ਰਬੰਧਨ ਅਤੇ ਇਨ੍ਹਾਂ ਨੂੰ ਕਾਇਮ ਰੱਖਣ ਵਿੱਚ ਸਮਰੱਥਾ ਬਣਾਉਣ ਵਿੱਚ ਮਦਦ ਕਰਨ ਲਈ ਲੀਡਰਸ਼ਿਪ ਅਤੇ ਪ੍ਰਬੰਧਨ ਵਿੱਚ ਵਾਧੂ ਹੁਨਰ ਹਾਸਲ ਕਰਨ ਲਈ ਲੈਵਲ 3 ECEs ਲਈ ਫੰਡ ਮੁਹੱਈਆ ਕਰਵਾਏ।
- ਕੈਨੇਡਾ ਅਤੇ ਅਲਬਰਟਾ ਦੀਆਂ ਸਰਕਾਰਾਂ ਵੀ ਪ੍ਰਦਾਨ ਕਰ ਰਹੀਆਂ ਹਨ:
    - ਆਪਣੇ ਹੁਨਰਾਂ ਨੂੰ ਨਿਖਾਰਨ ਲਈ ਮੁਫ਼ਤ ਸ਼ੁਰੂਆਤੀ ਬਚਪਨ ਦੇ ਦਿਮਾਗ ਵਿਗਿਆਨ ਅਤੇ ਵਿਕਾਸ ਸਿਖਲਾਈ ਰਾਹੀਂ ਸ਼ੁਰੂਆਤੀ ਬਚਪਨ ਦੇ 3,350 ਤੋਂ ਵੱਧ ਸਿੱਖਿਅਕਾਂ ਦੀ ਮਦਦ ਲਈ $5.2 ਮਿਲੀਅਨ।
    - ਲਾਇਸੰਸਸ਼ੁਦਾ ਬਾਲ-ਦੇਖਭਾਲ ਸੈਂਟਰਾਂ ਵਿੱਚ ਕੰਮ ਕਰਨ ਵਾਲੇ ਸ਼ੁਰੂਆਤੀ ਬਚਪਨ ਦੇ ਸਿੱਖਿਅਕਾਂ ਲਈ ਵਿਅਕਤੀਗਤ ਅਤੇ ਵਰਚੁਅਲ ਮਾਨਸਿਕ ਸਿਹਤ ਸਿਖਲਾਈ ਵਰਕਸ਼ਾਪਾਂ ਲਈ $1.5 ਮਿਲੀਅਨ।

## ਸੰਬੰਧਿਤ ਜਾਣਕਾਰੀ

- ਸੰਘੀ-ਸੂਬਾਈ ਬਾਲ ਦੇਖਭਾਲ ਸਮਝੌਤਾ

## ਸੰਬੰਧਿਤ ਖ਼ਬਰਾਂ

- ਅਲਬਰਟਾ ਵਿੱਚ ਬਚਪਨ ਦੇ ਸ਼ੁਰੂਆਤੀ ਸਿੱਖਿਅਕਾਂ ਦਾ ਸਮਰਥਨ ਕਰਨਾ (6 ਅਕਤੂਬਰ, 2022)